## ਮਿਤੀ 15-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 241<br>ਮਿਤੀ:15-12-22<br>ਜੁਰਮ:379, ਆਈ.ਪੀ.ਸੀ<br>ਥਾਣਾ:- ਫੇਸ-1 ਮੋਹਾਲੀ | ਗੌਰਵ ਪੁੱਤਰ ਰਮੇਸ਼ ਕੁਮਾਰ ਵਾਸੀ ਮਕਾਨ ਨੰ.562 ਸੈਕ:29ਏ ਚੰਡੀਗੜ੍ਹ<br>78885-15461 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਟੈਲੀਪਰਫੋਰਮੈਂਸ ਕੰਪਨੀ ਇੰਡ:ਏਰੀਆ ਫੇਸ-8ਬੀ ਮੋਹਾਲੀ ਵਿਖੇ ਨੌਕਰੀ ਕਰਦਾ ਹਾਂ। ਮਿਤੀ 16-11-22 ਨੂੰ ਮੈਂ ਆਪਣੀ ਐਕਟਿਵਾ ਨੰਬਰੀ ਸੀ.ਐਚ-01ਬੀ.ਜੀ-2402 ਮਾਰਕਾ ਹੌਂਡਾ ਰੰਗ ਚਿੱਟਾ ਪਰ ਸਵਾਰ ਹੋ ਕੇ ਉਕਤ ਕੰਪਨੀ ਵਿੱਚ ਕੰਮ ਲਈ ਆਇਆ ਸੀ। ਮੈਂ ਆਪਣੀ ਐਕਟਿਵਾ ਕੰਪਨੀ ਦੇ ਬਾਹਰ ਗੇਟ ਨੰ.2 ਪਾਸ ਖੜੀ ਕਰਕੇ ਅੰਦਰ ਕੰਮ ਲਈ ਚਲਾ ਗਿਆ ਸੀ। ਜਦੋਂ ਮੈਂ ਵਕਤ ਕਰੀਬ 07:00 ਪੀ.ਐਮ ਪਰ ਵਾਪਿਸ ਆ ਕੇ ਦੇਖਿਆ ਤਾਂ ਮੇਰੀ ਐਕਟਿਵਾ ਆਪਣੀ ਜਗਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈਂ ਹੁਣ ਤੱਕ ਆਪਣੇ ਤੌਰ ਪਰ ਕਾਫੀ ਭਾਲ ਕੀਤੀ ਜੋ ਨਹੀਂ ਮਿਲੀ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ: 242<br>ਮਿਤੀ:15-12-22<br>ਜੁਰਮ:354ਏ,354ਡੀ, 506,509, ਆਈ.ਪੀ.ਸੀ<br>ਥਾਣਾ:- ਫੇਸ-1 ਮੋਹਾਲੀ | ਤ੍ਰਿਸ਼ਨੀਤ ਅਰੋੜਾ<br>ਡਾਇਰੈਕਟਰ ਟੀ.ਏ.ਸੀ ਇਨਫੋਸੈਕ ਪ੍ਰਾ.ਲਿਮ: ਸੀ-212 ਫੇਸ-8ਬੀ ਇੰਡ:ਏਰੀਆ ਮੋਹਾਲੀ ਜਿਲਾ ਐਸ.ਏ.ਐਸ.ਨਗਰ<br>ਉਮਰ 30 ਸਾਲ | ਆਕਾਸ਼ ਜੋਸ਼ੀ ਪੁੱਤਰ ਰਵਿੰਦਰ ਜੋਸ਼ੀ ਵਾਸੀ ਨਾ-ਮਾਲੂਮ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 4196/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 07-12-22 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਉਕਤ ਦੋਸ਼ੀ ਸਾਲ 2017 ਤੋਂ ਸਾਡੀ ਕੰਪਨੀ ਵਿੱਚ ਬਤੌਰ ਇੰਜੀਨੀਅਰ ਕੰਮ ਕਰਦਾ ਆ ਰਿਹਾ ਹੈ। ਜਿਸ ਨੇ ਕੰਪਨੀ ਦੇ ਸਰਵਰ ਨੂੰ ਅਕਸੇਸ ਕਰਕੇ ਡਾਟਾ ਚੋਰੀ ਕੀਤਾ ਹੈ ਅਤੇ ਦਸਤਾਵੇਜਾਂ ਨਾਲ ਛੇੜਛਾੜ ਕੀਤੀ ਹੈ। ਉਕਤ ਦੋਸ਼ੀ ਨੇ ਔਰਤਾਂ ਸਬੰਧੀ ਡਾਟਾ ਗਲਤ ਇਰਾਦੇ ਨਾਲ ਲੀਕ ਕਰਨ ਦੀਆਂ ਧਮਕੀਆਂ ਦਿੱਤੀਆਂ ਹਨ ਜਿਸ ਨੇ ਸਾਡੇ ਨਾਲ ਵਿਸ਼ਵਾਸ਼ਘਾਤ ਕੀਤਾ ਹੈ। ਦਰਖਾਸਤ ਦੀ ਪੜਤਾਲ ਤੋਂ ਬਾਅਦ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 3 | ਮੁਕੱਦਮਾ ਨੰ:138<br>ਮਿਤੀ:15-12-22<br>ਜੁਰਮ:279,304ਏ, 337,427, ਆਈ.ਪੀ.ਸੀ.<br>ਥਾਣਾ:- ਮਟੌਰ | ਸਤੀਸ਼ ਕੁਮਾਰ ਪੁੱਤਰ ਜਗਦੀਸ਼ ਚੰਦ ਵਾਸੀ ਮਕਾਨ ਨੰ.4594 ਸੈਕ:46ਡੀ ਚੰਡੀਗੜ੍ਹ<br>ਉਮਰ ਕਰੀਬ 59 ਸਾਲ<br>90414-80459 | ਕਾਰ ਨੰਬਰੀ ਆਰ.ਜੇ-20ਸੀ.ਐਫ-5837 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 14-12-22 ਨੂੰ ਮੈਂ ਅਤੇ ਮੇਰਾ ਲੜਕਾ ਕਰਨ ਕੁਮਾਰ ਉਮਰ ਕਰੀਬ 34 ਸਾਲ ਅਤੇ ਛੋਟੇ ਲੜਕੇ ਰਾਜੇਸ਼ ਕੁਮਾਰ ਦੀ ਪਤਨੀ ਅਨੀਤਾ ਦੇਵੀ ਗਰੈਂਡ ਬੈਕਟ ਹਾਲ ਬੜ ਮਾਜਰਾ ਵਿਖੇ ਵਿਆਹ ਤੇ ਗਏ ਸੀ। ਵਕਤ ਕਰੀਬ 12:00ਏ.ਐਮ ਪਰ ਅਸੀਂ ਘਰ ਨੂੰ ਵਾਪਿਸ ਆ ਰਹੇ ਸੀ ਤਾਂ ਮੈਂ ਆਪਣੀ ਐਕਟਿਵਾ ਤੇ ਸਵਾਰ ਸੀ ਅਤੇ ਕਰਨ ਕੁਮਾਰ ਅਤੇ ਅਨੀਤਾ ਦੇਵੀ ਬੁਲੇਟ ਮੋਟਰ ਸਾਈਕਲ ਨੰਬਰੀ ਸੀ.ਐਚ-01ਬੀ.ਏ-4959 ਤੇ ਸਵਾਰ ਸੀ। ਜਦੋਂ ਅਸੀਂ ਪੀ.ਸੀ.ਐਲ ਲਾਈਟਾਂ ਕਰਾਸ ਕਰਨ ਲੱਗੇ ਤਾਂ ਚੰਡੀਗੜ੍ਹ ਸਾਈਡ ਤੋਂ ਇੱਕ ਕਾਰ ਨੰਬਰੀ ਆਰ.ਜੇ-20ਸੀ.ਐਫ-5837 ਮਾਰਕਾ ਫੋਰਡ ਈਕੋਸਪੋਰਟ ਬੜੀ ਤੇਜ ਰਫਤਾਰੀ ਨਾਲ ਆਈ ਜਿਸ ਦੇ ਚਾਲਕ ਨੇ ਮੇਰੇ ਦੇਖਦੇ ਦੇਖਦੇ ਹੀ ਆਪਣੀ ਕਾਰ ਬੜੀ ਅਣਗਹਿਲੀ ਨਾਲ ਮੇਰੇ ਤੋਂ ਅੱਗੇ ਜਾ ਰਹੇ ਕਰਨ ਕੁਮਾਰ ਦੇ ਮੋਟਰ ਸਾਈਕਲ ਵਿੱਚ ਮਾਰੀ। ਜਿਸ ਕਾਰਨ ਮੇਰਾ ਲੜਕਾ ਕਰਨ ਕੁਮਾਰ ਅਤੇ ਛੋਟੀ ਨੂੰਹ ਅਨੀਤਾ ਦੇਵੀ ਸੜਕ ਤੇ ਡਿੱਗ ਪਏ ਜਿਹਨਾਂ ਦੇ ਕਾਫੀ ਜਿਆਦਾ ਸੱਟਾਂ ਲੱਗੀਆਂ। ਮੈਂ ਰਾਹਗੀਰਾਂ ਦੀ ਮੱਦਦ ਨਾਲ ਕਰਨ ਕੁਮਾਰ ਅਤੇ ਨੂੰਹ ਅਨੀਤਾ ਨੂੰ ਸਿਵਲ ਹਸਪਤਾਲ ਫੇਸ-6 ਮੋਹਾਲੀ ਵਿਖੇ ਇਲਾਜ ਲਈ ਲੈ ਕੇ ਗਿਆ। ਜਿੱਥੇ ਡਾਕਟਰ ਸਾਹਿਬ ਨੇ ਮੇਰੇ ਲੜਕੇ ਕਰਨ ਕੁਮਾਰ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਅਤੇ ਅਨੀਤਾ ਦੇਵੀ ਨੂੰ ਪੀ.ਜੀ.ਆਈ ਰੈਫਰ ਕਰ ਦਿੱਤਾ। ਜਿੱਥੇ ਉਹ ਜ਼ੇਰੇ ਇਲਾਜ ਹੈ। |

| | | | | |
|---|---|---|---|---|
| 4 | ਮੁਕੱਦਮਾ ਨੰ: 527<br>ਮਿਤੀ:15-12-22<br>ਜੁਰਮ: 380, ਆਈ.ਪੀ.ਸੀ.<br>ਥਾਣਾ:-ਸੋਹਾਣਾ | ਬਰਿੰਦਰ ਕੌਰ ਪਤਨੀ ਅਮਰਦੀਪ ਸਿੰਘ ਮਾਂਗਟ ਵਾਸੀ ਫਲੈਟ ਨੰ.22ਏ ਸੈਕ:91 ਮੋਹਾਲੀ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 45 ਸਾਲ<br>85580-66666 | ਹਰਦਿਲਅਜੀਤ ਕੌਰ ਪਤਨੀ ਤਮਨਜੀਤ ਸਿੰਘ ਵਾਸੀ ਪਿੰਡ ਸਿੰਘ ਜਿਲਾ ਰੂਪਨਗਰ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦੀ ਰਹਿਣ ਵਾਲੀ ਹਾਂ। ਮੇਰੀ ਭਤੀਜੀ ਹਰਦਿਲਅਜੀਤ ਕੌਰ ਦੀ ਸ਼ਾਦੀ 7/8 ਸਾਲ ਪਹਿਲਾਂ ਹੋਈ ਸੀ। ਜਿਸ ਦੀ ਆਪਣੇ ਪਤੀ ਨਾਲ ਅਣਬਣ ਹੋਣ ਕਾਰਨ ਹੁਣ ਮਿਤੀ 11-03-22 ਤੋਂ ਮੇਰੇ ਪਾਸ ਆ ਕੇ ਰਹਿਣ ਲੱਗ ਪਈ ਸੀ। ਮਿਤੀ 04-12-22 ਨੂੰ ਮੇਰੀ ਭਤੀਜੀ ਬਿਨਾਂ ਦੱਸੇ ਪੁੱਛੇ ਘਰ ਤੋਂ ਚਲੇ ਗਈ ਸੀ। ਜਿਸ ਬਾਰੇ ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਹ ਨਵਦੀਪ ਸਿੰਘ ਵਾਸੀ ਘੜੂੰਆਂ ਨਾਲ ਰਿਲੇਸ਼ਨਸ਼ਿਪ ਵਿੱਚ ਰਹਿਣ ਲੱਗ ਪਈ ਹੈ। ਜਿਸ ਦੇ ਜਾਣ ਉਪਰੰਤ ਮੈਂ ਆਪਣੇ ਘਰ ਵਿੱਚ ਪਈ ਜਿਊਲਰੀ ਅਤੇ ਕੈਸ਼ ਚੈੱਕ ਕੀਤਾ ਤਾਂ ਘਰ ਵਿੱਚੋਂ 01ਲੱਖ ਰੁਪਏ ਨਗਦ ਅਤੇ ਸੋਨੇ ਚਾਂਦੀ ਅਤੇ ਡਾਇਮੰਡ ਦੇ ਕਾਫੀ ਜਿਆਦਾ ਗਹਿਣੇ ਘਰ ਵਿੱਚੋਂ ਗਾਇਬ ਸਨ। ਜੋ ਮੇਰੀ ਭਤੀਜੀ ਹਰਦਿਲਅਜੀਤ ਕੌਰ ਘਰ ਤੋਂ ਜਾਣ ਸਮੇਂ ਚੋਰੀ ਕਰਕੇ ਲੈ ਗਈ ਹੈ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 5 | ਮੁਕੱਦਮਾ ਨੰ:362<br>ਮਿਤੀ:15-12-22<br>ਜੁਰਮ:279,337,<br>304ਏ,427, ਆਈ.ਪੀ.ਸੀ.<br>ਥਾਣਾ:- ਸਿਟੀ ਖਰੜ | ਕੁਨਾਲ ਸ਼ਰਮਾ ਪੁੱਤਰ ਸੰਜੀਵ ਸ਼ਰਮਾ ਵਾਸੀ ਮਕਾਨ ਨੰ.3609 ਧੋਬੀਆਂ ਵਾਲਾ ਮੁਹੱਲਾ ਖਰੜ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 24 ਸਾਲ<br>98556-74073 | ਕਾਰ ਨੰਬਰੀ ਪੀ.ਬੀ-06ਏ.ਪੀ-2825 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੇ ਭਰਾ ਪ੍ਰਭਾਤ ਨੇ ਮਿਤੀ 27-12-22 ਨੂੰ ਯੂ.ਕੇ ਜਾਣਾ ਸੀ ਜਿਸ ਲਈ ਮਿਤੀ 14-12-22 ਨੂੰ ਕੱਪੜੇ ਖਰੀਦਣ ਲਈ ਮੈਂ ਮੇਰਾ ਭਰਾ ਪ੍ਰਭਾਤ (ਉਮਰ 21 ਸਾਲ), ਮੇਰੇ ਭਰਾ ਦਾ ਦੋਸਤ ਰੋਬਿਨ ਸਿੰਘ ਅਤੇ ਮਨਪ੍ਰੀਤ ਸਿੰਘ ਸਮੇਤ ਕਾਰ ਨੰਬਰੀ ਸੀ.ਐਚ-03-3052 ਮਾਰਕਾ ਮਾਰੂਤੀ ਤੇ ਸਵਾਰ ਹੋ ਕੇ ਖਾਨਪੁਰ ਜਾ ਰਹੇ ਸੀ। ਕਾਰ ਨੂੰ ਰੋਬਿਨ ਸਿੰਘ ਚਲਾ ਰਿਹਾ ਸੀ। ਵਕਤ ਕਰੀਬ 09:00ਪੀ.ਐਮ ਪਰ ਜਦੋਂ ਅਸੀਂ ਨੂਰਵਿਲਾ ਦੇ ਸਾਹਮਣੇ ਅਮਾਇਰਾ ਸਿਟੀ ਕੱਟ ਖਰੜ ਕੋਲ ਪੁੱਜ ਕੇ ਰੋਡ ਕਰਾਸ ਕਰਕੇ ਖਰੜ ਵੱਲ ਨੂੰ ਮੁੜਨ ਲੱਗੇ ਤਾਂ ਕੁਰਾਲੀ ਵਾਲੀ ਸਾਈਡ ਤੋਂ ਇੱਕ ਕਾਰ ਨੰਬਰੀ ਪੀ.ਬੀ-06ਏ.ਪੀ-2825 ਮਾਰਕਾ ਗਰੈਂਡ ਆਈ-10 ਬੜੀ ਤੇਜ ਰਫਤਾਰੀ ਅਤੇ ਲਾਪਰਵਾਹੀ ਨਾਲ ਆ ਕੇ ਕੰਡਕਟਰ ਵਾਲੀ ਸਾਈਡ ਟਾਇਰ ਪਾਸ ਜੋਰ ਨਾਲ ਵੱਜੀ। ਜਿਸ ਕਾਰਨ ਮੇਰਾ ਭਰਾ ਕਾਰ ਦੀ ਟਾਕੀ ਖੁੱਲਣ ਕਾਰਨ ਜੋਰ ਨਾਲ ਕਾਰ ਤੋਂ ਬਾਹਰ ਸੜਕ ਤੇ ਡਿੱਗ ਪਿਆ। ਜਿਸ ਦੀ ਮੌਕਾ ਪਰ ਹੀ ਮੌਤ ਹੋ ਗਈ। ਬਾਕੀ ਸਾਰਿਆਂ ਦੇ ਵੀ ਕਾਫੀ ਸੱਟਾਂ ਲੱਗੀਆਂ। ਮੌਕੇ ਤੇ ਲੋਕਾਂ ਦਾ ਕਾਫੀ ਇਕੱਠ ਹੋ ਗਿਆ ਜਿਸ ਕਾਰਨ ਉਕਤ ਕਾਰ ਦਾ ਚਾਲਕ ਆਪਣੀ ਕਰ ਮੌਕਾ ਪਰ ਛੱਡ ਕੇ ਫਰਾਰ ਹੋ ਗਿਆ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ: 252<br>ਮਿਤੀ:15-12-22<br>ਜੁਰਮ:279,337,338, 427, ਆਈ.ਪੀ.ਸੀ<br>ਥਾਣਾ:- ਸਦਰ ਖਰੜ | ਕੁਲਵਿੰਦਰ ਸਿੰਘ ਪੁੱਤਰ ਭਗਤ ਸਿੰਘ ਵਾਸੀ ਪਿੰਡ ਮਦਨਹੇੜੀ ਥਾਣਾ ਸਦਰ ਖਰੜ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 48 ਸਾਲ<br>99140-64080 | ਕਾਰ ਨੰਬਰੀ ਐਚ.ਆਰ-03ਐਲ-0051 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਪੰਜਾਬ ਪੁਲਿਸ ਵਿੱਚ ਨੌਕਰੀ ਕਰਦਾ ਹਾਂ। ਮਿਤੀ 04-12-22 ਨੂੰ ਵਕਤ ਕਰੀਬ 02:30ਪੀ.ਐਮ ਪਰ ਮੈਂ ਕਿਸੇ ਕੰਮ ਲਈ ਪਿੰਡ ਬਡਾਲਾ ਤੋਂ ਆਪਣੇ ਪਿੰਡ ਮਦਨਹੇੜੀ ਨੂੰ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਆ ਰਿਹਾ ਸੀ ਜਦੋਂ ਮੈਂ ਪਿੰਡ ਬਡਾਲਾ ਤੋਂ ਥੋੜਾ ਅੱਗੇ ਪੁੱਜਾ ਤਾਂ ਮੇਰੇ ਅੱਗੇ ਤੋਂ ਇੱਕ ਗੱਡੀ ਨੰਬਰੀ ਐਚ.ਆਰ-03ਐਲ-0051 ਮਾਰਕਾ ਮਾਰੂਤੀ ਜ਼ੈੱਨ ਬੜੀ ਤੇਜ਼ ਰਫਤਾਰੀ ਨਾਲ ਆਈ ਜਿਸ ਦੇ ਚਾਲਕ ਨੇ ਕਾਰ ਬੜੀ ਲਾਪਰਵਾਹੀ ਨਾਲ ਸਿੱਧੀ ਲਿਆ ਕੇ ਮੇਰੇ ਮੋਟਰ ਸਾਈਕਲ ਵਿੱਚ ਮਾਰੀ। ਜਿਸ ਕਾਰਨ ਮੈਂ ਸਮੇਤ ਮੋਟਰ ਸਾਈਕਲ ਸੜਕ ਤੇ ਡਿੱਗ ਪਿਆ ਅਤੇ ਬੇਹੋਸ਼ ਹੋ ਗਿਆ। ਮੇਰੇ ਤੋਂ ਪਿੱਛੇ ਆ ਰਹੇ ਮੇਰੇ ਭਰਾ ਪਰਵਿੰਦਰ ਸਿੰਘ ਮੈਨੂੰ ਸਵਾਰ ਦਾ ਪ੍ਰਬੰਧ ਕਰਕੇ ਆਈ.ਵੀ. ਹਸਪਤਾਲ ਮੋਹਾਲੀ ਵਿਖੇ ਲੈ ਕੇ ਗਿਆ। ਜਿੱਥੇ ਮੈਂ ਲੱਤ ਫਰੈਕਚਰ ਹੋਣ ਕਾਰਨ ਮਿਤੀ 14-12-22 ਤੱਕ ਦਾਖਲ ਰਿਹਾ। ਹੁਣ ਮੈਂ ਉਕਤ ਕਾਰ ਦੇ ਨਾ-ਮਾਲੂਮ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:253<br>ਮਿਤੀ:15-12-22<br>ਜੁਰਮ:279,337,338, 427, ਆਈ.ਪੀ.ਸੀ<br>ਥਾਣਾ:- ਸਦਰ ਖਰੜ | ਸੰਤੋਸ਼ ਕੁਮਾਰ ਯਾਦਵ ਪੁੱਤਰ ਸੁਭਾਸ਼ ਚੰਦ ਯਾਦਵ ਵਾਸੀ ਪਿੰਡ ਸਲਾਰਪੁਰ ਜਿਲਾ ਆਜ਼ਮਗੜ੍ਹ ਯੂ.ਪੀ. ਹਾਲ ਵਾਸੀ ਪਿੰਡ ਚਿੱਲਾ ਸੈਕ:81 ਮੋਹਾਲੀ<br>99886-84003 | ਅੰਜਨ ਮਹਾਜਨ ਪੁੱਤਰ ਪੰਕਜ ਗੁਪਤਾ ਵਾਸੀ ਊਨਾ ਹਿਮਾਚਲ ਪ੍ਰਦੇਸ਼ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 10-12-22 ਨੂੰ ਮੈਂ ਅਤੇ ਮੇਰੇ ਦੋਸਤ ਰਾਹੁਲ ਸੈਣੀ, ਗੌਰਵ ਆਸ਼ੀਸ਼ ਯਾਦਵ ਖਰੜ ਤੋਂ ਗੱਡੀ ਨੰਬਰੀ ਸੀ.ਐਚ-01ਏ.ਕੇ-8382 ਵਿੱਚ ਸਵਾਰ ਹੋ ਕੇ ਚੰਡੀਗੜ੍ਹ ਨੂੰ ਆ ਰਹੇ ਸੀ। ਗੱਡੀ ਨੂੰ ਮੇਰਾ ਦੋਸਤ ਰਾਹੁਲ ਸੈਣੀ ਚਲਾ ਰਿਹਾ ਸੀ। ਜਦੋਂ ਅਸੀਂ ਵਕਤ ਕਰੀਬ 04:30ਏ.ਐਮ ਪਰ ਦੇਸੂਮਾਜਰਾ ਪੁਲ ਚੰਡੀਗੜ੍ਹ ਸਾਈਡ ਨੂੰ ਚੜ ਰਹੇ ਸੀ ਤਾਂ ਸਾਡੇ ਪਿੱਛੇ ਤੋਂ ਖਰੜ ਸਾਈਡ ਤੋਂ ਇੱਕ ਕਾਰ ਨੰਬਰੀ ਐਚ.ਪੀ-30ਏ-2524 ਮਾਰਕਾ ਮਾਰੂਤੀ ਐਸਪਰੈਸੋ ਬੜੀ ਤੇਜ ਰਫਤਾਰੀ ਨਾਲ ਆਈ ਜਿਸ ਦੇ ਚਾਲਕ ਨੇ ਆਪਣੀ ਕਾਰ ਬੜੀ ਅਣਗਹਿਲੀ ਨਾਲ ਬਿਨਾ ਹਾਰਨ ਦਿੱਤੇ ਸਾਡੀ ਗੱਡੀ ਦੇ ਪਿੱਛੇ ਟੱਕਰ ਮਾਰੀ। ਜਿਸ ਕਾਰਨ ਪਿੱਛੇ ਬੈਠੇ ਮੇਰੇ ਅਤੇ ਦੋਸਤ ਆਸ਼ੀਸ਼ ਦੇ ਕਾਫੀ ਸੱਟਾਂ ਲੱਗੀਆਂ ਅਤੇ ਕਾਰ ਦਾ ਵੀ ਕਾਫੀ ਜਿਆਦਾ ਨੁਕਸਾਨ ਹੋਇਆ। ਸਾਡੇ ਦੋਸਤਾਂ ਨੇ ਰਾਹਗੀਰਾਂ ਦੀ ਮੱਦਦ ਨਾਲ ਸਾਨੂੰ ਕਾਰ ਵਿੱਚੋਂ ਬਾਹਰ ਕੱਢਿਆ ਅਤੇ ਸਿਵਲ ਹਸਪਤਾਲ ਫੇਸ-6 ਮੋਹਾਲੀ ਇਲਾਜ ਲਈ ਲੈ ਕੇ ਗਏ। ਬਾਅਦ ਵਿੱਚ ਉਕਤ ਕਾਰ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 8 | ਮੁਕੱਦਮਾ ਨੰ: 121<br>ਮਿਤੀ:15-12-22<br>ਜੁਰਮ: 406,420,<br>ਆਈ.ਪੀ.ਸੀ<br>ਥਾਣਾ:-ਢਕੋਲੀ | ਮੁਕਤੇਸ਼ ਦੀਵਾਨ ਪੁੱਤਰ ਰਾਜੇਸ਼ ਦੀਵਾਨ ਵਾਸੀ 613,614, ਚੀਨਾਰ ਹਾਈਟਸ ਪੀਰ ਮੁਛੱਲਾ ਥਾਣਾ ਢਕੋਲੀ ਜਿਲਾ ਐਸ.ਏ.ਐਸ.ਨਗਰ<br>98159-78609 | ਆਨੰਦ ਬਿਹਾਰੀ ਯਾਦਵ ਪੁੱਤਰ ਪ੍ਰਭੂ ਨਰਾਇਣ ਯਾਦਵ ਵਾਸੀ ਐਸ.ਏ.15/59 ਅਟੱਲ ਨਗਰ ਕਲੋਨੀ ਮਾਲਵੀਆ ਸਾਰਨਾਥ ਵਾਰਾਨਸੀ ਯੂ.ਪੀ. | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 3086/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 23-09-22 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਉਕਤ ਦੋਸ਼ੀ ਆਨੰਦ ਬਿਹਾਰੀ ਯਾਦਵ ਨੇ ਆਪਣੀ ਲੜਕੀ ਦੇ ਨਾਮ ਤੋਂ ਅਵੀਕਾ ਏਅਰਲਾਈਨ ਪ੍ਰਾ.ਲਿਮ: ਕੰਪਨੀ ਬਣਾਈ ਤੇ ਕੰਪਨੀ ਦੇ ਬੈਂਕ ਖਾਤੇ ਦੀ ਸਾਈਨਿੰਗ ਅਥਾਰਟੀ ਆਨੰਦ ਬਿਹਾਰੀ ਯਾਦਵ ਨੇ ਕੰਪਨੀ ਦੇ ਪਹਿਲੇ ਡਾਇਰੈਕਟਰ ਪਾਸੋਂ ਆਪਣੇ ਨਾਮ ਪਰ ਰੱਖੀਸੀ। ਜਿਸ ਨੇ ਦ/ਕਰਤਾ ਨੂੰ ਆਪਣੇ ਵਿਸ਼ਵਾਸ਼ ਵਿੱਚ ਲੈ ਕੇ ਉਕਤ ਕਪਨੀ ਦਾ ਡਾਇਰੈਕਟਰ ਬਣਾਇਆ ਤੇ ਉਕਤ ਕੰਪਨੀ ਵਿੱਚ 4,15,70,000/- ਰੁਪਏ ਲਗਵਾ ਕੇ ਇਹ ਰਕਮ ਹੜੱਪ ਕਰਕੇ ਠੱਗੀ ਮਾਰੀ ਹੈ। ਦਰਖਾਸਤ ਦੀ ਪੜਤਾਲ ਉਪ ਕਪਤਾਨ ਪੁਲਿਸ ਆਰਥਿਕ ਅਪਰਾਧ ਅਤੇ ਸਾਈਬਰ ਕ੍ਰਾਈਮ ਵੱਲੋਂ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ.ਐਸ.ਪੀ. ਸਾਹਿਬ ਵੱਲੋਂ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ ਗਿਆ। |
| 9 | ਮੁਕੱਦਮਾ ਨੰ: 392<br>ਮਿਤੀ:15-12-22<br>ਜੁਰਮ:279,304ਏ,427,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਮਨਦੀਪ ਕੁਮਾਰ ਪੁੱਤਰ ਰਾਏ ਸਿੰਘ ਵਾਸੀ ਪਿੰਡ ਕੂੜਾਂਵਾਲਾ ਥਾਣਾ ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 32 ਸਾਲ<br>97812-15918 | ਟਰੱਕ ਨੰਬਰ ਐਚ.ਆਰ-61ਸੀ-0016 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਅੱਜ ਮੈਂ ਅਤੇ ਮੇਰੇ ਚਾਚੇ ਦਾ ਲੜਕਾ ਰਵਿੰਦਰ ਕੁਮਾਰ ਪੁੱਤਰ ਜੈ ਸਿੰਘ ਉਮਰ 32 ਸਾਲ ਚੰਡੀਗੜ੍ਹ ਸਬਜੀ ਮੰਡੀ ਸੈਕ:26 ਵਿੱਚ ਆਲੂ ਵੇਚਣ ਲਈ ਘਰ ਤੋਂ ਨਿਕਲੇ ਸੀ। ਮੇਰੇ ਭਰਾ ਰਵਿੰਦਰ ਕੁਮਾਰ ਨੇ ਆਪਣੇ ਟਰੈਕਟਰ ਨੰਬਰ ਪੀ.ਬੀ-65ਏ.ਕੇ-0536 ਨਾਲ ਟਰਾਲੀ ਵਿੱਚ ਆਲੂ ਦੇ ਗੱਟੇ ਰੱਖੇ ਸਨ ਅਤੇ ਮੈਂ ਉਸਦੇ ਪਿੱਛੇ ਆਪਣੇ ਮੋਟਰ ਸਾਈਕਲ ਪਰ ਆ ਰਿਹਾ ਸੀ। ਜਦੋਂ ਮੇਰਾ ਭਰਾ ਮੇਨ ਰੋਡ ਜੀਰਕਪੁਰ ਪਰ ਭਾਂਖਰਪੁਰ ਵਾਲੇ ਪੁਲ ਪਰ ਜਾ ਰਿਹਾ ਸੀ ਤਾਂ ਪਿੱਛੋਂ ਇੱਕ ਟਰੱਕ ਨੰਬਰੀ ਐਚ.ਆਰ-61ਸੀ-0016 ਬੜੀ ਤੇਜ ਰਫਤਾਰੀ ਨਾਲ ਆ ਰਿਹਾ ਸੀ ਜਿਸ ਦੇ ਚਾਲਕ ਨੇ ਆਪਣਾ ਟਰੱਕ ਬਿਨਾ ਹਾਰਨ ਦਿੱਤੇ ਅਣਗਹਿਲੀ ਨਾਲ ਮੇਰੇ ਭਰਾ ਦੇ ਟਰੈਕਟਰ ਦੇ ਪਿੱਤੇ ਮਾਰਿਆ। ਜਿਸ ਕਾਰਨ ਟਰੈਕਟਰ ਟਰਾਲੀ ਬੇਕਾਬੂ ਹੋ ਕੇ ਸੜਕ ਵਿਚਕਾਰ ਪਲਟ ਗਈ। ਅਤੇ ਟਰੱਕ ਵੀ ਬੇਕਾਬੂ ਹੋ ਕੇ ਪਲਟ ਗਿਆ। ਮੇਰੇ ਭਰਾ ਦੇ ਜਿਆਦਾ ਸੱਟਾਂ ਹੋਣ ਕਾਰਨ ਮੈਂ ਐਂਬੂਲੈਂਸ ਰਾਹੀਂ ਆਪਣੇ ਭਰਾ ਨੂੰ ਸਿਵਲ ਹਸਪਤਾਲ ਡੇਰਾਬਸੀ ਵਿਖੇ ਲੈ ਕੇ ਗਿਆ ਜਿੱਥੇ ਡਾਕਟਰ ਸਾਹਿਬ ਨੇ ਮੇਰੇ ਭਰਾ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਇਹ ਹਾਦਸਾ ਉਕਤ ਟਰੱਕ ਦੇ ਚਾਲਕ ਦੀ ਅਣਗਹਿਲੀ ਕਾਰਨ ਵਾਪਰਿਆ ਹੈ। |
| 10 | ਮੁਕੱਦਮਾ ਨੰ:393<br>ਮਿਤੀ:15-12-22<br>ਜੁਰਮ: 379ਬੀ,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਸਰੋਜ ਚੁੱਗ ਪਤਨੀ ਲੇਟ ਨਰੇਸ਼ ਕੁਮਾਰ ਚੁੱਗ ਵਾਸੀ ਦਾਦਪੁਰਾ ਮੁਹੱਲਾ ਡੇਰਾਬਸੀ ਜਿਲਾ ਐਸ.ਏ.ਐਸ.ਨਗਰ | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦੀ ਰਹਿਣ ਵਾਲੀ ਹਾਂ। ਮੈਂ ਮਿਤੀ 10-12-22 ਨੂੰ ਵਕਤ ਕਰੀਬ 07:50ਪੀ.ਐਮ ਪਰ ਆਪਣੀ ਪੋਤੀ ਨੂੰ ਟਿਊਸ਼ਨ ਤੋਂ ਲੈਣ ਲਈ ਜਾ ਰਹੀ ਸੀ ਤਾਂ ਇੱਕ ਨਾ-ਮਾਲੂਮ ਵਿਅਕਤੀ ਆਇਆ ਜਿਸ ਨੇ ਪਿੱਛੇ ਤੋਂ ਮੇਰੀ ਸ਼ਾਲ ਨੂੰ ਖਿੱਚਿਆ ਅਤੇ ਮੇਰੇ ਕੰਨਾਂ ਦੀਆਂ ਵਾਲੀਆਂ ਖਿੱਚੀਆਂ। ਉਕਤ ਦੋਸ਼ੀ ਝਪਟ ਮਾਰ ਕੇ ਖੱਬੇ ਕੰਨ ਦੀ ਵਾਲੀ ਖਿੱਚ ਕੇ ਖੋਹ ਕੇ ਫਰਾਰ ਹੋ ਗਿਆ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 11 | ਮੁਕੱਦਮਾ ਨੰ:394<br>ਮਿਤੀ:15-12-22<br>ਜੁਰਮ: 279,427,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਸਾਹਿਲ ਮਾਨ ਪੁੱਤਰ ਨਵਦੀਪ ਸਿੰਘ ਵਾਸੀ ਪਿੰਡ ਖੇਲਣ ਥਾਣਾ ਸਦਰ ਮਾਨਸਾ ਜਿਲਾ ਮਾਨਸਾ ਉਮਰ 25 ਸਾਲ<br>97792-13424 | ਗੁਰਪ੍ਰੀਤ ਸਿੰਘ ਪੁੱਤਰ ਰਾਮਜੀ ਸਿੰਘ ਵਾਸੀ ਪਿੰਡ ਡਾਬਾ ਥਾਣਾ ਸ਼ੇਰਪੁਰ ਜਿਲਾ ਲੁਧਿਆਣਾ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮੇਰੇ ਪਾਸ ਤਿੰਨ ਕਾਰਾਂ ਹਨ ਜਿਹਨਾਂ ਨੂੰ ਮੈਂ ਕੈਬ ਵਿੱਚ ਲਗਾਇਆ ਹੋਇਆ ਹੈ। ਕੱਲ ਮਿਤੀ 14-12-22 ਨੂੰ ਮੈਂ ਆਪਣੀ ਕਾਰ ਨੰਬਰੀ ਪੀ.ਬੀ-01ਡੀ-1282 ਮਾਰਕਾ ਆਲਟੋ ਵਿੱਚ ਸਵਾਰੀਆਂ ਬਿਠਾ ਕੇ ਰਾਮਗੜ ਤੋਂ ਖਰੜ ਨੂੰ ਜਾ ਰਿਹਾ ਸੀ ਤਾਂ ਜਦੋਂ ਮੈਂ ਗੁਰੂ ਨਾਨਕ ਸਟੋਨ ਕਰੈਸ਼ਰ ਮੁਬਾਰਿਕਪੁਰ ਪੁੱਜਾ ਤਾਂ ਵਕਤ ਕਰੀਬ 12 ਵਜੇ ਰਾਤ ਦਾ ਹੋਵੇਗਾ ਕਿ ਸੜਕ ਵਿੱਚ ਛੋਟਾ ਖੱਡਾ ਹੋਣ ਕਾਰਨ ਮੈਂ ਕਾਰ ਨੂੰ ਬਰੇਕ ਮਾਰੀ ਤਾਂ ਮੇਰੇ ਪਿੱਛੇ ਤੋਂ ਆ ਰਹੀ ਇੱਕ ਕਾਰ ਨੰਬਰੀ ਸੀ.ਐਚ-01ਬੀ.ਐਚ-7141 ਮਾਰਕਾ ਵਰਨਾ ਨੇ ਮੇਰੀ ਗੱਡੀ ਦੇ ਪਿੱਛੇ ਟੱਕਰ ਮਾਰ ਕੇ ਐਕਸੀਡੈਂਟ ਕਰ ਦਿੱਤਾ। ਜਿਸ ਕਾਰਨ ਮੇਰੀ ਗੱਡੀ ਦਾ ਪਿੱਛੇ ਤੋਂ ਕਾਫੀ ਜਿਆਦਾ ਨੁਕਸਾਨ ਹੋ ਗਿਆ। ਜਿਸ ਕਾਰਨ ਹੁਣ ਉਕਤ ਕਾਰ ਦੇ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 12 | ਮੁਕੱਦਮਾ ਨੰ:395<br>ਮਿਤੀ:15-12-22<br>ਜੁਰਮ:22-61-85<br>ਐਨ.ਡੀ.ਪੀ.ਐਸ.ਐਕਟ<br>ਥਾਣਾ:- ਡੇਰਾਬਸੀ | ਐਸ.ਆਈ.ਨਰਿੰਦਰ ਕੁਮਾਰ<br>ਥਾਣਾ ਡੇਰਾਬਸੀ<br>80546-01234 | 1) ਹਰੀ ਸਿੰਘ ਪੁੱਤਰ ਰਾਮ ਰਤਨ ਵਾਸੀ ਪਿੰਡ ਡਾਂਨਸੀਵਾਲ ਜਿਲਾ ਹੁਸ਼ਿਆਰਪੁਰ<br>2) ਜਸਕਰਨ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਕੁੱਕੜਾ ਬੇਹੜਾ ਜਿਲਾ ਹੁਸ਼ਿਆਰਪੁਰ | ਅੱਜ ਮਨ ਐਸ.ਆਈ. ਥਾਣਾ ਹਾਜਰ ਸੀ ਤਾਂ ਇਤਲਾਹ ਮਿਲਣ ਤੇ ਸਮੇਤ ਸਾਥੀ ਕਰਮਚਾਰੀਆਂ ਦੇ ਅੰਬਾਲਾ ਚੰਡੀਗੜ੍ਹ ਹਾਈਵੇ ਨੇੜੇ ਜਵਾਹਰਪੁਰ ਕੱਟ ਪੁੱਜਾ ਜਿੱਥੇ ਸ.ਥ.ਪਰਮਜੀਤ ਸਿੰਘ ਨੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਸ਼ੱਕ ਦੀ ਬਿਨਾਹ ਤੇ ਦੋ ਨੌਜਵਾਨਾਂ ਨੂੰ ਰੋਕਿਆ ਸੀ। ਜਿਹਨਾਂ ਨੂੰ ਨਾਮ ਪਤਾ ਪੁੱਛਿਆ ਅਤੇ ਉਕਤ ਵਿਅਕਤੀਆਂ ਦੇ ਹੱਥਾਂ ਵਿੱਚ ਫੜੇ ਬੈਗਾਂ ਦੀ ਤਲਾਸ਼ੀ ਕੀਤੀ। ਹਰੀ ਸਿੰਘ ਦੇ ਬੈਗ ਦੀ ਤਲਾਸ਼ੀ ਕਰਨ ਤੇ ਬੈਗ ਵਿੱਚੋਂ ਨਸ਼ੀਲੀਆਂ ਗੋਲੀਆਂ Alprasafe-0.5 ਕੁੱਲ 2400 ਗੋਲੀਆਂ ਬਰਾਮਦ ਹੋਈਆਂ। ਜਸਕਰਨ ਸਿੰਘ ਦੇ ਬੈਗ ਦੀ ਤਲਾਸ਼ੀ ਕਰਨ ਤੇ 3000 ਨਸ਼ੀਲੀਆਂ ਗੋਲੀਆਂ Alprasafe-0.5 ਬਰਾਮਦ ਹੋਈਆਂ। ਉਕਤ ਦੋਸ਼ੀਆਨ ਕੋਲੋਂ ਕੁੱਲ **5400 ਨਸ਼ੀਲਆਂ ਗੋਲੀਆਂ** Alprasafe-0.5 ਬਰਾਮਦ ਹੋਈਆਂ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 13 | ਮੁਕੱਦਮਾ ਨੰ:396<br>ਮਿਤੀ:15-12-22<br>ਜੁਰਮ: 379, ਆਈ.ਪੀ.ਸੀ<br>ਥਾਣਾ:- ਡੇਰਾਬਸੀ | ਸਤੀਸ਼ ਕੁਮਾਰ ਪੁੱਤਰ ਪਵਨ ਕੁਮਾਰ ਵਾਸੀ ਗਲੀ ਨੰ.02 ਮੋਹਨ ਨਗਰ ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>98157-12806 | ਨਾ-ਮਾਲੂਮ ਵਿਅਕਤੀ/ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਮੈਂ ਰੋਜ਼ਾਨਾ ਦੀ ਤਰਾਂ ਡੇਰਾਬਸੀ ਕੋਰਟ ਵਿਖੇ ਪ੍ਰੈਕਟਿਸ ਕਰਨ ਲਈ ਘਰ ਤੋਂ ਆਪਣੇ ਮੋਟਰ ਸਾਈਕਲ ਨੰਬਰ ਪੀ.ਬੀ-70ਸੀ-4042 ਮਾਰਕਾ ਸਪਲੈਂਡਰ ਪਲੱਸ ਤੇ ਸਵਾਰ ਹੋ ਕੇ ਗਿਆ ਸੀ। ਮੈਂ ਆਪਣਾ ਮੋਟਰ ਸਾਈਕਲ ਮੇਨ ਪਾਰਕਿੰਗ ਵਿੱਚ ਖੜਾ ਕੀਤਾ ਸੀ। ਜਦੋਂ ਵਕਤ ਕਰੀਬ 05:00 ਪੀ.ਐਮ ਪਰ ਡਿਊਟੀ ਖਤਮ ਹੋਣ ਤੋਂ ਬਾਅਦ ਮੈਂ ਦੇਖਿਆ ਤਾਂ ਮੇਰਾ ਮੋਟਰ ਸਾਈਕਲ ਆਪਣੀ ਜਗਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈਂ ਆਪਣੇ ਤੌਰ ਪਰ ਕਾਫੀ ਭਾਲ ਕੀਤੀ ਜੋ ਨਹੀਂ ਮਿਲਿਆ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 14 | ਮੁਕੱਦਮਾ ਨੰ:397<br>ਮਿਤੀ:15-12-22<br>ਜੁਰਮ: 13ਏ-3-67 ਜੂਆ ਐਕਟ<br>ਥਾਣਾ:- ਡੇਰਾਬਸੀ | ਸ.ਥ.ਨਾਥੀ ਰਾਮ<br>ਥਾਣਾ ਡੇਰਾਬਸੀ<br>94638-44213 | ਰਾਮ ਕੇਵਲ ਪੁੱਤਰ ਬਿਹਾਰੀ ਲਾਲ ਵਾਸੀ ਮਕਾਨ ਨੰ.1201 ਮੀਰਾਮੱਲੀ ਨਜਦੀਕ ਜੈਨ ਸਕੂਲ ਡੇਰਾਬਸੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਬੱਸ ਅੱਡਾ ਡੇਰਾਬਸੀ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਤੁਰ ਫਿਰ ਕੇ ਮੇਨ ਬਜ਼ਾਰ ਵਿੱਚ ਸ਼ਰੇਆਮ ਜਗ੍ਹਾ ਪਰ ਦੜਾ ਸੱਟਾ ਲਗਾ ਰਿਹਾ ਹੈ ਅਤੇ ਉੱਚੀ ਉੱਚੀ ਅਵਾਜ ਵਿੱਚ ਕਹਿ ਰਿਹਾ ਹੈ ਜੋ ਮੇਰੇ ਪਾਸ ਨੰਬਰ ਲਗਾਵੇਗਾ ਉਸਨੂੰ ਨੰਬਰ ਆਉਣ ਤੇ ਇੱਕ ਰੁਪਏ ਦੇ ਸੌ ਰੁਪਏ ਦਿੱਤੇ ਜਾਣਗੇ। ਅਤੇ ਨੰਬਰ ਨਾ ਆਉਣ ਤੇ ਰਕਮ ਹਜਮ ਕਰ ਲਈ ਜਾਵੇਗੀ। ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਉਕਤ ਦੋਸ਼ੀ ਸੱਟਾ ਲਾਉਂਦਾ ਹੋਇਆ ਪਰਚੀਆਂ ਸਮੇਤ ਕਾਬੂ ਆ ਸਕਦਾ ਹੈ। ਤੁਰੰਤ ਰੇਡ ਕਰਕੇ ਉਕਤ ਦੋਸ਼ੀ ਕਾਬੂ ਕੀਤਾ ਗਿਆ ਜਿਸ ਪਾਸੋਂ **ਦੜ੍ਹੇ ਸੱਟੇ ਦੇ 500ਰੁਪਏ** ਬਰਾਮਦ ਹੋਏ। |
| 15 | ਮੁਕੱਦਮਾ ਨੰ:188<br>ਮਿਤੀ:15-12-22<br>ਜੁਰਮ:279,337,427, ਆਈ.ਪੀ.ਸੀ<br>ਥਾਣਾ:- ਲਾਲੜੂ | ਅਮਰਜੀਤ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਵਾਸੀ ਪਿੰਡ ਰਾਏਵਾਲੀ ਜਿਲਾ ਅੰਬਾਲਾ ਹਰਿਆਣਾ<br>ਉਮਰ ਕਰੀਬ 30 ਸਾਲ<br>93063-62657 | ਕੈਂਟਰ ਨੰ. ਐਚ.ਆਰ-37ਸੀ-6484 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਵੈਲਡਿੰਗ ਦਾ ਕੰਮ ਕਰਦਾ ਹਾਂ। ਮਿਤੀ 13-12-22 ਨੂੰ ਮੈਂ ਆਪਣੇ ਦੋਸਤ ਰਾਜ ਕੁਮਾਰ ਉਰਫ ਰੁਲਦਾ ਨਾਲ ਉਸ ਦੇ ਮੋਟਰ ਸਾਈਕਲ ਨੰ. ਪੀ.ਬੀ-11ਏ.ਜੇ-6313 ਤੇ ਸਵਾਰ ਹੋ ਕੇ ਕਿਸੇ ਕੰਮ ਲਈ ਪਿੰਡ ਸਰਸਿਣੀ ਜਾ ਰਹੇ ਸੀ। ਜਦੋਂ ਅਸੀਂ ਵਕਤ ਕਰੀਬ 02:00ਪੀ.ਐਮ ਪਰ ਪਿੰਡ ਆਲਮਗੀਰ ਮੋੜ ਨੇੜੇ ਏ.ਪੀ.ਹੋਟਲ ਪਾਸ ਪੁੱਜੇ ਤਾਂ ਇੱਕ ਕੈਂਟਰ ਨੰਬਰੀ ਐਚ.ਆਰ-37ਸੀ-6484 ਦਾ ਚਾਲਕ ਆਪਣ ਕੈਂਟਰ ਨੂੰ ਗਲਤ ਸਾਈਡ ਅੰਬਾਲਾ ਸਾਈਡ ਤੋਂ ਬਹੁਤ ਤੇਜ਼ ਰਫਤਾਰੀ ਅਤੇ ਲਾਪਰਵਾਹੀ ਨਾਲ ਚਲਾਉਂਦਾ ਹੋਇਆ ਆਇਆ ਜਿਸ ਨੇ ਕੈਂਟਰ ਨਾਲ ਸਾਡੇ ਮੋਟਰ ਸਾਈਕਲ ਵਿੱਚ ਸਿੱਧੀ ਟੱਕਰ ਮਾਰ ਦਿੱਤੀ। ਜਿਸ ਕਾਰਨ ਅਸੀਂ ਸੜਕ ਤੇ ਡਿੱਗ ਪਏ ਅਤੇ ਸਾਡੇ ਕਾਫੀ ਸੱਟਾਂ ਲੱਗੀਆਂ। ਰਾਜ ਕੁਮਾਰ ਦੇ ਸਿਰ ਵਿੱਚ ਸੱਟ ਲੱਗਣ ਕਾਰਨ ਉੱਥੇ ਹੀ ਬੇਹੋਸ਼ ਹੋ ਗਿਆ। ਰਾਹਗੀਰਾਂ ਨੇ ਮੈਨੂੰ ਅਤੇ ਰਾਜ ਕੁਮਾਰ ਨੂੰ ਸਿਵਲ ਹਪਸਤਾਲ ਲਾਲੜੂ ਵਿਖੇ ਲੈ ਗਏ ਜਿੱਥੇ ਡਾਕਟਰ ਸਾਹਿਬ ਨੇ ਸਾਨੂੰ ਮੁੱਢਲੀ ਸਹਾਇਤਾ ਦੇ ਕੇ ਜੀ.ਐਮ.ਸੀ.ਐਚ.ਸੈਕ:32 ਚੰਡੀਗੜ੍ਹ ਰੈਫਰ ਕਰ ਦਿੱਤਾ। ਉਕਤ ਕੈਂਟਰ ਦੇ ਨਾ-ਮਾਲੂਮ ਚਾਲਕ ਖਿਲਾਫ ਹੁਣ ਮੁਕੱਦਮਾ ਦਰਜ ਕਰਵਾਇਆ। |